**ਪੰਜਾਬ ਸਰਕਾਰ**

**ਖੁਰਾਕ, ਸਿਵਲ ਸਪਲਾਈਜ਼ ਅਤੇ ਖਪਤਕਾਰ ਮਾਮਲੇ ਵਿਭਾਗ**

**ਨਵੀਂ ਆਟਾ ਦਾਲ ਸਕੀਮ/ ਨੈਸ਼ਨਲ ਫੂਡ ਸਕਿਓਰਿਟੀ ਐਕਟ 2013 ਅਧੀਨ ਯੋਗ ਪਰਿਵਾਰਾਂ ਦੀ ਪਛਾਣ ਲਈ ਮਾਪਦੰਡ**

ਉਪਰੋਕਤ ਸਬੰਧੀ ਯੋਗ ਪਰਿਵਾਰਾਂ ਦੀ ਪਛਾਣ ਲਈ ਪੰਜਾਬ ਸਰਕਾਰ ਵਲੋਂ ਹੇਠ ਲਿਖੇ ਅਨੁਸਾਰ ਮਾਪਦੰਡ ਨਿਰਧਾਰਤ ਕੀਤੇ ਗਏ ਹਨ:-

**ੳ) ਯੋਗ ਪਰਿਵਾਰ**

1. ਅੰਤੋਦਿਆ ਅੰਨ ਯੋਜਨਾ (ਏ.ਏ.ਵਾਈ) ਤਹਿਤ ਸ਼ਨਾਖਤ ਕੀਤੇ ਪਰਿਵਾਰ ਇਸ ਸਕੀਮ ਅਧੀਨ ਯੋਗ ਸਮਝੇ ਜਾਣਗੇ।
2. ਜਿਹੜੇ ਪਰਿਵਾਰ ਭਾਰਤ ਸਰਕਾਰ ਦੇ ਮਾਪਦੰਡਾ ਅਨੁਸਾਰ 2002 ਵਿੱਚ ਹੋਏ ਸਰਵੇ ਅਨੁਸਾਰ ਗਰੀਬੀ ਰੇਖਾ ਤੋਂ ਹੇਠਾਂ (ਬੀ. ਪੀ. ਐਲ.) ਵੱਜੋਂ ਪਛਾਣੇ ਗਏ ਸਨ ਅਤੇ ਜਿਹੜੇ ਲਾਭ-ਪਾਤਰ ਪਰਿਵਾਰ ਰਾਜ ਸਰਕਾਰ ਦੀ 'ਆਟਾ ਦਾਲ ਸਕੀਮ' ਅਧੀਨ ਪਛਾਣੇ ਗਏ ਸਨ, ਉਹ ਵੀ ਆਪਣੇ ਆਪ Priority household ਵਜੋਂ ਯੋਗ ਸਮਝੇ ਜਾਣਗੇ।
3. ਬੇਘਰ ਪਰਿਵਾਰ ਅਤੇ ਉਹ ਪਰਿਵਾਰ ਜੋ ਕੱਚੇ ਘਰਾਂ ਵਿੱਚ ਰਹਿ ਰਹੇ ਹਨ।
4. ਪਰਿਵਾਰ ਜਿਹਨਾਂ ਦੇ ਮੁਖੀ ਵਿਕਲਾਂਗ/ਅਪੰਗ ਹਨ (ਸਬੰਧਤ ਸਿਵਲ ਸਰਜਨ/ ਮੈਡੀਕਲ ਬੋਰਡ ਵਲੋਂ ਜਾਰੀ ਸਰਟੀਫਿਕੇਟ ਅਨੁਸਾਰ ਅਯੋਗਤਾ 40% ਤੋਂ ਵੱਧ ਹੋਣੀ ਚਾਹੀਦੀ ਹੈ)।
5. ਭੂਮੀਹੀਣ ਖੇਤੀਬਾੜੀ ਮਜ਼ਦੂਰਾਂ ਦੇ ਪਰਿਵਾਰ।
6. ਛੋਟੇ ਅਤੇ ਮਾਰਜੀਨਲ ਕਿਸਾਨਾਂ ਦੇ ਪਰਿਵਾਰ (ਵਾਹੀ ਯੋਗ 2.5 ਏਕੜ ਤੱਕ ਅਤੇ ਬਰਾਨੀ 5 ਏਕੜ ਤੱਕ)।
7. ਪਰਿਵਾਰ ਜਿਨ੍ਹਾਂ ਦੀ ਮੁੱਖੀ ਵਿਧਵਾ ਜਾਂ ਇਕੱਲੀ ਇਸਤਰੀ ਹੈ (ਕੁਆਰੀ/ ਅੱਡ ਹੋਈ/ ਛੱਡੀ ਹੋਈ)।
8. ਬਿਰਧ ਉਮਰ ਦੇ ਪੈਂਸ਼ਨਰ, ਜਿਹਨਾਂ ਕੋਲ ਸਹਾਰੇ ਲਈ ਕੋਈ ਹੋਰ ਪਰਿਵਾਰਕ ਮੈਂਬਰ ਨਹੀਂ ਹੈ, ਬਸ਼ਰਤੇ ਕਿ ਉਨ੍ਹਾਂ ਦੀ ਸਭ ਸਾਧਨਾਂ ਤੋ ਸਲਾਨਾ ਆਮਦਨ ਰੁ. 60,000/- ਤੱਕ ਹੋਵੇ।

**ਅ) ਅਯੋਗ ਪਰਿਵਾਰ**

1. ਸਾਰੇ ਆਮਦਨ ਕਰ ਦਾਤਾ।
2. ਸਾਰੇ ਵੈਟ ਕਰ ਦਾਤਾ ਜੋ ਕਿ ਪੰਜਾਬ ਵੈਟ ਅਧਿਨਿਯਮ 2009 ਤਹਿਤ ਰਜਿਸਟਰਡ ਹਨ।
3. ਸਾਰੇ ਸੇਵਾ ਕਰ ਦਾਤਾ।
4. ਸਾਰੇ ਪ੍ਰੋਫੈਸ਼ਨਲ ਕਰ ਦਾਤਾ।
5. ਪਰਿਵਾਰ ਜਿੰਨ੍ਹਾਂ ਪਾਸ 2.5 ਏਕੜ ਤੋਂ ਵੱਧ ਵਾਹੀ ਯੋਗ ਜ਼ਮੀਨ ਜਾਂ 5 ਏਕੜ ਤੋਂ ਵੱਧ ਬੰਜਰ/ ਬਰਾਨੀ ਜ਼ਮੀਨ ਹੈ।
6. ਪਰਿਵਾਰ ਜਿੰਨ੍ਹਾਂ ਪਾਸ ਏ.ਸੀ. ਜਾਂ ਚਾਰ ਪਹੀਆ ਮੋਟਰ ਗੱਡੀ ਹੈ।
7. ਪਰਿਵਾਰ ਜੋ ਕਿ ਸਰਕਾਰ ਨਾਲ ਰਜਿਸਟਰਡ ਕਿਸੇ ਉਦਯੋਗ ਦੇ ਮਾਲਕ ਹਨ ਜਾਂ ਉਸਨੂੰ ਚਲਾ ਰਹੇ ਹਨ।
8. ਭਾਰਤ ਸਰਕਾਰ/ ਰਾਜ ਸਰਕਾਰ ਅਤੇ ਸੰਘ ਪ੍ਰਦੇਸ਼ ਜਾਂ ਉਸਦੇ ਬੋਰਡ/ ਕਾਰਪੋਰੇਸ਼ਨ/ ਉਦਯੋਗ, ਮਿਉਂਸਿਪਲ ਨਿਗਮ/ ਮਿਉਂਸਿਪਲ ਪਰਿਸ਼ਦ/ ਮਿਓਂਸਿਪਲ ਕਮੇਟੀ/ ਸੁਧਾਰ ਟਰੱਸਟ ਆਦਿ ਵਿਚ ਨਿਯੁਕਤ ਮੁਲਾਜ਼ਮਾਂ (ਕੰਟਰੈਕਟ/ ਕੱਚੇ ਦਿਹਾੜੀਦਾਰ ਨੂੰ ਛੱਡਕੇ) ਦੇ ਪਰਿਵਾਰ। (ਪਰਿਵਾਰ ਮਤਲਬ ਪਤੀ, ਪਤਨੀ ਅਤੇ ਬੱਚੇ)।
9. ਪਰਿਵਾਰ ਜਿੰਨ੍ਹਾਂ ਦੀ ਸਭ ਸਾਧਨਾਂ ਤੋਂ ਸਾਲਾਨਾ ਪਰਿਵਾਰਕ ਆਮਦਨ ਰੁ. 60,000/- ਤੋਂ ਵੱਧ ਹੋਵੇ।
10. ਪਰਿਵਾਰ ਜਿੰਨ੍ਹਾਂ ਪਾਸ ਰਾਜ ਦੇ ਕਿਸੇ ਮਿਉਂਸਿਪਲ ਨਿਗਮ ਜਾਂ ਮਿਉਂਸਿਪਲ ਪਰਿਸ਼ਦ ਵਿੱਚ 100 ਵਰਗ ਗਜ਼ ਜਾਂ ਜ਼ਿਆਦਾ ਦੇ ਪਲਾਟ ਤੇ ਉਸਾਰਿਆ ਆਪਣਾ ਘਰ ਜਾਂ 750 ਵਰਗ ਫੁੱਟ ਜਾਂ ਵੱਧ ਦਾ ਫਲੈਟ ਹੈ।